19-Oct-Loc-Star.qxd 10/20/2025 1:33 AM Page 1


'ਅਜੀਤ' 'ਚ
ਈਅਰ ਪੈਨਲ*
*ਥੋੜ੍ਹੇ ਪੈਸੇ
ਜ਼ਿਆਦਾ ਪ੍ਰਚਾਰ
ਬੁਕਿੰਗ ਲਈ ਸੰਪਰਕ ਕਰੋ:
ਮੈਨੇਜਰ ਇਸ਼ਤਿਹਾਰ
ਅਜੀਤ ਪ੍ਰਕਾਸ਼ਨ ਸਮੂਹ
ਨਹਿਰੂ ਗਾਰਡਨ ਰੋਡ, ਜਲੰਧਰ
ਫ਼ੋਨ : 0181-2455961-62-63,
ਫੈਕਸ : 2455960



ਪੰਜਾਬ ਦੀ ਆਵਾਜ਼

# ਅਜੀਤ ®©

ਬਾਨੀ ਸੰਪਾਦਕ (ਸਵ:) ਡਾ. ਸਾਧੂ ਸਿੰਘ ਹਮਦਰਦ, ਸੋਮਵਾਰ, 20 ਅਕਤੂਬਰ, 2025 (Monday, 20 October, 2025) 4 ਕੱਤਕ ਨਾਨਕਸ਼ਾਹੀ ਸੰਮਤ 557 (ਸਫ਼ੇ=16) ਮੁੱਲ : 5.00 ਰੁਪਏ (Price ₹. 5.00)

AJIT (DAILY), JALANDHAR, TRADEMARK AND COPYRIGHT SADHU SINGH HAMDARD TRUST, 2025. ALL RIGHTS RESERVED.
ਜਲੰਧਰ, ਚੰਡੀਗੜ੍ਹ ਅਤੇ ਬਠਿੰਡਾ ਤੋਂ ਪ੍ਰਕਾਸ਼ਿਤ


ਪੰਜਾਬੀਆਂ ਦੀ ਧੜਕਣ
ਪੰਜਾਬ ਦੀ ਆਵਾਜ਼
ਰੋਜ਼ਾਨਾ ਪੜ੍ਹੋ:
ਅਜੀਤ
ਵਧੇਰੇ ਜਾਣਕਾਰੀ ਅਤੇ ਘਰ ਅਖ਼ਬਾਰ ਲਗਵਾਉਣ ਲਈ ਸੰਪਰਕ ਕਰੋ:
ਏਜੰਸੀ ਮੈਨੇਜਰ
ਅਜੀਤ ਭਵਨ, ਨਹਿਰੂ ਗਾਰਡਨ ਰੋਡ, ਜਲੰਧਰ।
ਫੋਨ: 0181-2455961-63 ਫੈਕਸ: 2455960


ਪੋਸਟਲ ਰਜਿ: ਨੰ: PB/JL-138/2024-26 | ਜਿਲਦ 70, ਅੰਕ 290 Vol. 70, No. 290 | www.ajitjalandhar.com | www.ajittv.com | Facebook.com/dailyajit | Twitter.com/dailyajitnews | news@ajitpublications.com | ਫ਼ੋਨ : 0181-2455961-62-63, 5032400, ਫੈਕਸ : 2455960




# ਅਫ਼ਗਾਨਿਸਤਾਨ ਤੇ ਪਾਕਿਸਤਾਨ ਜੰਗਬੰਦੀ ਲਈ ਸਹਿਮਤ

## ਜੰਗਬੰਦੀ ਨਾਲ ਅਫ਼ਗਾਨ ਧਰਤੀ ਤੋਂ ਪਾਕਿ 'ਚ ਅੱਤਵਾਦੀ ਗਤੀਵਿਧੀਆਂ ਦਾ ਹੋਵੇਗਾ ਅੰਤ-ਖ਼ਵਾਜਾ ਆਸਿਫ਼

ਅੰਮ੍ਰਿਤਸਰ, 19 ਅਕਤੂਬਰ (ਸੁਰਿੰਦਰ ਕੋਛੜ)-ਕਤਰ ਦੀ ਰਾਜਧਾਨੀ ਦੋਹਾ 'ਚ 13 ਘੰਟੇ ਚੱਲੀ ਗੱਲਬਾਤ ਤੋਂ ਬਾਅਦ ਪਾਕਿਸਤਾਨ ਅਤੇ ਇਸਲਾਮਿਕ ਅਮੀਰਾਤ ਆਫ਼ ਅਫ਼ਗਾਨਿਸਤਾਨ ਜੰਗਬੰਦੀ ਲਈ ਸਹਿਮਤ ਹੋ ਗਏ ਹਨ। ਇਸ ਸਮਝੌਤਾ ਗੱਲਬਾਤ ਦੀ ਮੇਜ਼ਬਾਨੀ ਕਤਰ ਦੇ ਖ਼ੁਫ਼ੀਆ ਮੁਖੀ ਅਬਦੁੱਲਾ ਬਿਨ ਮੁਹੰਮਦ ਅਲ ਖ਼ਲੀਫ਼ਾ ਨੇ ਕੀਤੀ। ਪਾਕਿਸਤਾਨੀ ਵਫ਼ਦ ਦੀ ਅਗਵਾਈ ਰੱਖਿਆ ਮੰਤਰੀ ਖ਼ਵਾਜਾ ਆਸਿਫ਼ ਨੇ ਕੀਤੀ, ਜਦੋਂ ਕਿ ਅਫ਼ਗਾਨ ਵਫ਼ਦ ਦੀ ਅਗਵਾਈ ਰੱਖਿਆ ਮੰਤਰੀ ਮੁੱਲਾ ਮੁਹੰਮਦ ਯਾਕੂਬ ਨੇ ਕੀਤੀ। ਤੁਰਕੀ ਦੇ ਵਿਦੇਸ਼ ਮੰਤਰਾਲੇ ਅਨੁਸਾਰ ਪਾਕਿ ਅਤੇ ਅਫ਼ਗਾਨਿਸਤਾਨ ਵਿਚਕਾਰ ਦੋਹਾ 'ਚ ਗੱਲਬਾਤ ਦੇ ਪਹਿਲੇ ਦੌਰ ਦੀ ਵਿਚੋਲਗੀ ਕਤਰ ਰਾਜ ਅਤੇ ਤੁਰਕੀ ਗਣਰਾਜ ਦੁਆਰਾ ਕੀਤੀ ਗਈ। ਦੋਵਾਂ ਧਿਰਾਂ ਵਲੋਂ ਇਕ ਸਮਝੌਤੇ 'ਤੇ ਦਸਤਖ਼ਤ ਕੀਤੇ ਗਏ ਹਨ, ਜਿਸ ਦੇ ਅਨੁਸਾਰ ਜੰਗਬੰਦੀ ਨੂੰ 'ਤੁਰੰਤ' ਅਤੇ 'ਸਥਾਈ' ਦੋਵਾਂ ਵਜੋਂ ਦਰਸਾਇਆ ਗਿਆ ਹੈ। ਹਾਲਾਂਕਿ, ਦੋਵਾਂ ਮੁਲਕਾਂ ਵਿਚਾਲੇ ਇਸ 'ਸਥਾਈ' ਜੰਗਬੰਦੀ ਦਾ ਜ਼ਿਆਦਾ ਦੇਰ ਤੱਕ ਟਿਕਿਆ ਰਹਿਣਾ ਸੰਭਵ ਨਹੀਂ ਵਿਖਾਈ ਦੇ ਰਿਹਾ। ਦੱਸਿਆ ਜਾ ਰਿਹਾ ਹੈ ਕਿ ਦੋਹਾ 'ਚ ਦੋਵਾਂ ਮੁਲਕਾਂ ਵਲੋਂ ਜੰਗਬੰਦੀ ਸਮਝੌਤੇ 'ਤੇ ਦਸਤਖ਼ਤ ਕੀਤੇ ਜਾਣ ਦੇ ਕੁਝ ਘੰਟਿਆਂ ਬਾਅਦ ਹੀ ਅੱਜ ਸਵੇਰੇ ਪਾਕਿ ਦੇ ਸੂਬਾ ਖ਼ੈਬਰ ਪਖਤੂਨਖਵਾ ਦੇ ਨਵੇਂ ਚੁਣੇ ਗਏ ਮੁੱਖ ਮੰਤਰੀ ਸੋਹੇਲ ਅਫ਼ਰੀਦੀ ਨੇ ਪਿਸ਼ਾਵਰ 'ਚ ਪੱਤਰਕਾਰਾਂ ਨਾਲ ਗ਼ੈਰ-ਰਸਮੀ ਤੌਰ 'ਤੇ ਗੱਲਬਾਤ ਦੌਰਾਨ ਪਾਕਿਸਤਾਨੀ

(ਬਾਕੀ ਸਫ਼ਾ 2 ਕਾਲਮ 5)




ਪਾਕਿਸਤਾਨ ਦੇ ਰੱਖਿਆ ਮੰਤਰੀ ਖ਼ਵਾਜਾ ਆਸਿਫ਼ ਅਤੇ ਅਫ਼ਗਾਨ ਰੱਖਿਆ ਮੰਤਰੀ ਮੁੱਲਾ ਮੁਹੰਮਦ ਯਾਕੂਬ ਸਮਝੌਤੇ 'ਤੇ ਦਸਤਖ਼ਤ ਕਰਨ ਉਪਰੰਤ ਹੱਥ ਮਿਲਾਉਂਦੇ ਹੋਏ। ਤਸਵੀਰ ਰਾਹੀਂ : ਸੁਰਿੰਦਰ ਕੋਛੜ

# ਸੁਪਰੀਮ ਕੋਰਟ ਨੇ 8.82 ਲੱਖ ਬਕਾਇਆ ਫਾਂਸੀ ਦੀਆਂ ਪਟੀਸ਼ਨਾਂ 'ਤੇ ਪ੍ਰਗਟਾਈ ਚਿੰਤਾ

## ਨਿਪਟਾਰੇ ਲਈ ਦਿੱਤਾ 6 ਮਹੀਨੇ ਦਾ ਸਮਾਂ

ਨਵੀਂ ਦਿੱਲੀ, 19 ਅਕਤੂਬਰ (ਉਪਮਾ ਡਾਗਾ ਪਾਰਥ)-ਸੁਪਰੀਮ ਕੋਰਟ ਨੇ ਦੇਸ਼ ਭਰ ਦੀਆਂ ਅਦਾਲਤਾਂ 'ਚ ਬਕਾਇਆ ਫਾਂਸੀ ਦੀਆਂ ਪਟੀਸ਼ਨਾਂ ਦੀ ਵੱਡੀ ਗਿਣਤੀ ਨੂੰ ਨਿਰਾਸ਼ਾਜਨਕ ਦੱਸਦਿਆਂ ਗਹਿਰੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਜਸਟਿਸ ਜੇ.ਬੀ. ਪਾਰਦੀਵਾਲਾ ਅਤੇ ਜਸਟਿਸ ਪੰਕਜ ਮਿੱਤਲ ਦੇ ਡਵੀਜ਼ਨ ਬੈਂਚ ਨੇ ਪਹਿਲਾਂ ਦਿੱਤੇ ਨਿਰਦੇਸ਼ਾਂ ਦੀ ਸਮੀਖਿਆ ਕਰਦਿਆਂ ਕਿਹਾ ਕਿ ਦੇਸ਼ ਭਰ ਦੀਆਂ ਜ਼ਿਲ੍ਹਾ ਅਦਾਲਤਾਂ 'ਚ 8,82,578 ਫਾਂਸੀ ਦੀਆਂ ਪਟੀਸ਼ਨਾਂ ਬਕਾਇਆ ਹਨ। ਸੁਪਰੀਮ ਕੋਰਟ ਨੇ ਇਨ੍ਹਾਂ ਮਾਮਲਿਆਂ ਦੇ ਛੇਤੀ ਨਿਪਟਾਰੇ ਲਈ ਸਾਰੀਆਂ ਹਾਈ ਕੋਰਟਾਂ ਨੂੰ ਹੋਰ 6 ਮਹੀਨੇ ਦਾ ਸਮਾਂ ਦਿੱਤਾ ਹੈ। ਇਸ ਤੋਂ ਪਹਿਲਾਂ 6 ਮਾਰਚ, 2025 ਨੂੰ ਸੁਪਰੀਮ ਕੋਰਟ ਨੇ ਸਾਰੀਆਂ ਹਾਈ ਕੋਰਟਾਂ ਨੂੰ ਬਕਾਇਆ ਆਪੋ-ਆਪਣੀਆਂ ਡਵੀਜ਼ਨਲ ਅਦਾਲਤਾਂ ਤੋਂ ਇਨ੍ਹਾਂ ਬਕਾਇਆ ਪਟੀਸ਼ਨਾਂ ਦਾ ਡੇਟਾ ਇਕੱਠਾ ਕਰਨ ਅਤੇ 6 ਮਹੀਨੇ ਦੇ ਅੰਦਰ ਉਨ੍ਹਾਂ ਦੇ ਨਿਪਟਾਰੇ ਲਈ ਪ੍ਰਸ਼ਾਸਨਿਕ ਆਦੇਸ਼ ਜਾਰੀ ਕਰਨ ਦੇ ਆਦੇਸ਼ ਦਿੱਤੇ ਸਨ। ਉਸ ਆਦੇਸ਼ 'ਚ ਕਿਹਾ ਗਿਆ ਸੀ ਕਿ ਇਸ ਆਦੇਸ਼ ਦੀ ਪਾਲਣਾ 'ਚ ਕੋਈ ਵੀ ਕੁਤਾਹੀ ਹੋਣ 'ਤੇ ਸੰਬੰਧਿਤ ਪ੍ਰੀਜ਼ਾਈਡਿੰਗ ਅਧਿਕਾਰੀ ਹੀ ਜਵਾਬਦੇਹ ਹੋਵੇਗਾ। ਰਿਪੋਰਟ ਮੁਤਾਬਿਕ 8,82,578 ਮਾਮਲੇ ਬਕਾਇਆ ਸਨ ਅਤੇ ਅਦਾਲਤ ਦੇ 6 ਮਾਰਚ ਦੇ ਆਦੇਸ਼ ਤੋਂ ਬਾਅਦ 3,38,685 ਮੌਤ ਦੀ ਸਜ਼ਾ ਦੇ ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ ਹੈ। ਸੁਪਰੀਮ ਕੋਰਟ ਨੇ ਬਕਾਇਆ ਮਾਮਲਿਆਂ ਨੂੰ ਚਿੰਤਾਜਨਕ ਦੱਸਦਿਆਂ ਕਿਹਾ ਕਿ ਆਦੇਸ਼ ਤੋਂ ਬਾਅਦ ਜੇਕਰ ਕਾਰਵਾਈ ਕਰਨ ਨੂੰ ਕਾਫੀ ਸਾਲ ਲੱਗਣੇ ਹਨ ਤਾਂ ਇਸ ਦਾ ਕੋਈ ਅਰਥ ਨਹੀਂ ਹੈ ਅਤੇ ਇਹ ਨਿਆਂ ਨਾਲ ਧੱਕਾ ਹੈ। ਸੁਪਰੀਮ ਕੋਰਟ ਨੇ ਸਾਰੀਆਂ ਹਾਈ ਕੋਰਟਾਂ ਨੂੰ ਮੁੜ ਦੁਹਰਾਉਂਦਿਆਂ ਕਿਹਾ ਕਿ ਉਹ ਆਪੋ-ਆਪਣੀਆਂ ਜ਼ਿਲ੍ਹਾ ਅਦਾਲਤਾਂ 'ਚ ਬਕਾਇਆ ਇਨ੍ਹਾਂ ਮਾਮਲਿਆਂ ਦੇ ਨਿਪਟਾਰੇ ਲਈ ਕੋਈ ਢੁਕਵੀਂ ਵਿਵਸਥਾ ਲਾਗੂ ਕਰਨ।



# ਬਿਹਾਰ ਚੋਣਾਂ-4 ਦਿਨ 'ਚ 12 ਰੈਲੀਆਂ ਕਰਨਗੇ ਪ੍ਰਧਾਨ ਮੰਤਰੀ

ਨਵੀਂ ਦਿੱਲੀ, 19 ਅਕਤੂਬਰ (ਉਪਮਾ ਡਾਗਾ ਪਾਰਥ)-ਬਿਹਾਰ ਵਿਧਾਨ ਸਭਾ ਲਈ ਭਖੀ ਸਿਆਸਤ ਦਰਮਿਆਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਕਤੂਬਰ ਦੇ ਆਖਰੀ ਹਫ਼ਤੇ ਤੋਂ ਨਵੰਬਰ ਦੇ ਸ਼ੁਰੂਆਤੀ ਦਿਨਾਂ 'ਚ ਪੂਰੇ ਸੂਬੇ 'ਚ ਕਈ ਰੈਲੀਆਂ ਨੂੰ ਸੰਬੋਧਨ ਕਰਨਗੇ। ਪ੍ਰਧਾਨ ਮੰਤਰੀ ਦੀ ਪਹਿਲੀ ਰੈਲੀ 23 ਅਕਤੂਬਰ ਨੂੰ ਹੋਏਗੀ, ਜਿਸ ਦੌਰਾਨ ਉਹ ਸਾਸਾਰਾਮ, ਗਯਾ ਅਤੇ ਭਾਗਪੁਰ 'ਚ ਵਿਸ਼ਾਲ ਜਨ ਸਭਾਵਾਂ ਕਰਨਗੇ। ਇਸ ਤੋਂ ਬਾਅਦ ਉਹ 28 ਅਕਤੂਬਰ ਨੂੰ ਦਰਭੰਗਾ, ਮੁਜ਼ੱਫਰਪੁਰ ਅਤੇ ਪਟਨਾ 'ਚ ਰੈਲੀਆਂ ਕਰਨਗੇ। ਉਸ ਤੋਂ ਬਾਅਦ 1 ਨਵੰਬਰ ਨੂੰ ਉਹ ਪੂਰਬੀ ਚੰਪਾਰਣ, ਸਮਸਤੀਪੁਰ ਅਤੇ ਛਪਰਾ 'ਚ ਰੈਲੀਆਂ ਕਰਨਗੇ। ਜਿਸ ਤੋਂ ਬਾਅਦ 3 ਨਵੰਬਰ ਨੂੰ ਪੱਛਮੀ ਚੰਪਾਰਣ, ਅਰਰਿਆ ਅਤੇ ਸਹਰਨਾ 'ਚ ਰੈਲੀਆਂ ਕਰਨਗੇ। 4 ਦਿਨਾਂ 'ਚ ਪ੍ਰਧਾਨ ਮੰਤਰੀ ਦੀਆਂ 12 ਰੈਲੀਆਂ ਨਾਲ ਐਨ.ਡੀ.ਏ. ਲੋਕਾਂ 'ਚ ਜੋਸ਼ ਭਰਨ ਦੀ ਕੋਸ਼ਿਸ਼ ਕਰੇਗੀ। ਇਸ ਤੋਂ ਇਲਾਵਾ

(ਬਾਕੀ ਸਫ਼ਾ 2 ਕਾਲਮ 6)









ਸ਼ਿਕਾਗੋ ਵਿਖੇ 'ਨੋ ਕਿੰਗਜ਼' ਰੈਲੀ ਕੱਢਦੇ ਹੋਏ ਪ੍ਰਦਰਸ਼ਨਕਾਰੀ।

# ਟਰੰਪ ਖ਼ਿਲਾਫ਼ ਅਮਰੀਕਾ ਭਰ 'ਚ ਰੋਸ ਪ੍ਰਦਰਸ਼ਨ

**'ਨੋ ਕਿੰਗਜ਼' ਤਹਿਤ 2600 ਰੈਲੀਆਂ, 70 ਲੱਖ ਲੋਕਾਂ ਵਲੋਂ ਸ਼ਮੂਲੀਅਤ**

ਵਾਸ਼ਿੰਗਟਨ, 19 ਅਕਤੂਬਰ (ਏ.ਪੀ.)-ਸਨਿਚਰਵਾਰ ਨੂੰ ਅਮਰੀਕਾ ਭਰ ਦੇ ਸ਼ਹਿਰਾਂ 'ਚ ਪ੍ਰਦਰਸ਼ਨਕਾਰੀਆਂ ਦੇ ਵੱਡੀ ਭੀੜ ਨੇ 'ਨੋ ਕਿੰਗਜ਼' ਪ੍ਰਦਰਸ਼ਨਾਂ ਦੇ ਲਈ ਮਾਰਚ ਅਤੇ ਰੈਲੀਆਂ ਕੱਢੀਆਂ, ਜਿਸ ਵਿਚ ਹਿੱਸਾ ਲੈਣ ਵਾਲਿਆਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਗਵਾਈ 'ਚ ਸਰਕਾਰ ਦੇ ਤੇਜ਼ੀ ਨਾਲ ਤਾਨਾਸ਼ਾਹੀ ਵੱਲ ਵਧਣ ਦੀ ਨਿੰਦਾ ਕੀਤੀ। 'ਵਿਰੋਧ ਪ੍ਰਦਰਸ਼ਨ ਤੋਂ ਵਧ ਕੇ ਦੇਸ਼ ਭਗਤੀ ਕੁਝ ਨਹੀਂ ਹੈ' ਜਾਂ 'ਫਾਸ਼ੀਵਾਦ ਦਾ ਵਿਰੋਧ ਕਰੋ' ਵਰਗੇ ਨਾਅਰੇ ਲਿਖੇ ਬੈਨਰ ਲੈ ਕੇ ਲੋਕ ਨਿਊਯਾਰਕ ਸ਼ਹਿਰ ਦੇ ਟਾਈਮਸ ਸਕੁਏਅਰ 'ਚ ਇਕੱਠੇ ਹੋ ਗਏ ਅਤੇ ਬੋਸਟਨ, ਅਟਲਾਂਟਾ ਅਤੇ ਸ਼ਿਕਾਗੋ ਦੇ ਪਾਰਕਾਂ 'ਚ ਰੈਲੀਆਂ ਕੀਤੀਆਂ। ਦੇਸ਼ ਭਰ 'ਚ 2600 ਥਾਵਾਂ 'ਤੇ ਕੀਤੀਆਂ ਰੈਲੀਆਂ 'ਚ 70 ਲੱਖ ਲੋਕ ਸ਼ਾਮਿਲ ਹੋਏ। ਪ੍ਰਦਰਸ਼ਨਕਾਰੀਆਂ ਨੇ ਵਾਸ਼ਿੰਗਟਨ ਅਤੇ ਡਾਊਨਟਾਊਨ ਲਾਸ ਏਂਜਲਸ 'ਚ ਮਾਰਚ ਕੀਤਾ ਅਤੇ ਕਈ ਰਿਪਬਲਿਕਨ ਅਗਵਾਈ ਵਾਲੇ ਸੂਬਿਆਂ 'ਚ ਰਾਜਧਾਨੀਆਂ ਦੇ ਬਾਹਰ, ਬਿਲਿੰਗਸ, ਮੋਂਟਾਨਾ ਦੀ ਇਕ ਅਦਾਲਤ ਅਤੇ ਸੈਂਕੜੇ ਹੋਰ ਜਨਤਕ ਸਥਾਨਾਂ 'ਤੇ ਧਰਨਾ ਦਿੱਤਾ। ਟਰੰਪ ਦੀ ਰਿਪਬਲਿਕਨ ਪਾਰਟੀ ਨੇ ਇਨ੍ਹਾਂ ਪ੍ਰਦਰਸ਼ਨਾਂ ਨੂੰ 'ਅਮਰੀਕਾ ਨਾਲ ਨਫਰਤ' ਵਾਲੀਆਂ ਰੈਲੀਆਂ ਦੱਸ ਕੇ ਉਨ੍ਹਾਂ ਦੀ ਨਿੰਦਾ ਕੀਤੀ, ਪ੍ਰੰਤੂ ਕੁਝ ਥਾਵਾਂ 'ਤੇ ਇਹ ਪ੍ਰਦਰਸ਼ਨ ਕਿਸੇ ਸੜਕ ਕੰਢੇ ਪਾਰਟੀ ਵਰਗੇ ਲੱਗ ਰਹੇ ਸਨ। ਮਾਰਚਿੰਗ ਬੈਂਡ, ਅਮਰੀਕੀ ਸੰਵਿਧਾਨ ਦੀ ਪ੍ਰਸਤਾਵਨਾ 'ਵੀ ਦ ਪੀਪਲ' ਵਾਲਾ ਇਕ ਵਿਸ਼ਾਲ ਬੈਨਰ ਜਿਸ 'ਤੇ ਲੋਕ ਦਸਤਖਤ ਕਰ ਸਕਦੇ ਸਨ ਅਤੇ ਪ੍ਰਦਰਸ਼ਨਕਾਰੀ ਹਵਾ ਨਾਲ ਭਰੇ ਕੱਪੜੇ, ਖਾਸ ਕਰਕੇ ਡੱਡੂਆਂ ਵਾਲੇ ਕੱਪੜੇ ਪਹਿਨੇ ਹੋਏ ਸਨ, ਜੋ ਪੋਰਟਲੈਂਡ, ਓਰੇਗਨ 'ਚ ਵਿਰੋਧ ਦੇ ਪ੍ਰਤੀਕ ਵਜੋਂ ਉੱਭਰੇ। ਟਰੰਪ ਦੇ ਵ੍ਹਾਈਟ ਹਾਊਸ ਪਰਤਣ ਤੋਂ ਬਾਅਦ ਇਹ ਤੀਸਰਾ ਸਮੂਹਿਕ ਪ੍ਰਦਰਸ਼ਨ ਸੀ।

# ਹਰਿਆਣਾ ਨੇ ਕਿਸਾਨਾਂ ਦੀ ਦੀਵਾਲੀ 'ਚ ਲਿਆਂਦੀ ਮਿਠਾਸ

## ਗੰਨੇ ਦੇ ਸਮਰਥਨ ਮੁੱਲ 'ਚ ਕੀਤਾ ਵਾਧਾ

ਚੰਡੀਗੜ੍ਹ, 19 ਅਕਤੂਬਰ (ਵਿਸ਼ੇਸ਼ ਪ੍ਰਤੀਨਿਧ)-ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਦੀਵਾਲੀ ਮੌਕੇ ਕਿਸਾਨਾਂ ਨੂੰ ਵੱਡੀ ਰਾਹਤ ਦਿੰਦਿਆਂ ਗੰਨੇ ਦੇ ਸਮਰਥਨ ਮੁੱਲ 'ਚ ਵਾਧੇ ਦਾ ਐਲਾਨ ਕੀਤਾ ਹੈ। ਹਰਿਆਣਾ ਸਰਕਾਰ ਨੇ ਦੇਸ਼ 'ਚ ਸਭ ਤੋਂ ਵੱਧ ਗੰਨਾ ਮੁੱਲ ਪ੍ਰਦਾਨ ਕਰਨ ਦਾ ਇਤਿਹਾਸਕ ਫ਼ੈਸਲਾ ਕੀਤਾ ਹੈ, ਜੋ ਕਿਸਾਨਾਂ ਦੀ ਆਮਦਨ ਵਧਾਉਣ ਅਤੇ ਉਨ੍ਹਾਂ ਦੀ ਆਰਥਿਕ ਖ਼ੁਸ਼ਹਾਲੀ ਯਕੀਨੀ ਬਣਾਉਣ ਦੀ ਦਿਸ਼ਾ 'ਚ ਇਕ ਵੱਡਾ ਕਦਮ ਹੈ। ਅਗੇਤੀ ਕਿਸਮ ਦੇ ਗੰਨੇ ਦਾ ਭਾਅ 400 ਰੁਪਏ ਪ੍ਰਤੀ ਕੁਇੰਟਲ ਤੋਂ ਵਧਾ ਕੇ 415 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ ਅਤੇ ਪਿਛੇਤੀ ਕਿਸਮ ਦਾ ਭਾਅ 393 ਰੁਪਏ ਤੋਂ ਵਧਾ ਕੇ 408 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ। ਇਹ ਮੁੱਲ ਵਾਧਾ ਗੰਨਾ ਕਿਸਾਨਾਂ ਲਈ ਦੀਵਾਲੀ ਦਾ ਤੋਹਫ਼ਾ ਹੈ, ਜੋ ਉਨ੍ਹਾਂ ਦੀ ਮਿਹਨਤ ਅਤੇ ਸਮਰਪਣ ਨੂੰ ਸਨਮਾਨ ਦੇਣ ਦੇ ਨਾਲ-ਨਾਲ ਉਨ੍ਹਾਂ ਦੀ ਆਰਥਿਕ ਸਥਿਤੀ ਨੂੰ ਹੋਰ ਮਜ਼ਬੂਤ ਕਰੇਗਾ। ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਸਰਕਾਰ ਦਾ ਇਹ ਫ਼ੈਸਲਾ ਨਾ ਸਿਰਫ਼ ਕਿਸਾਨਾਂ ਦੇ ਹਿਤ 'ਚ ਹੈ, ਸਗੋਂ ਸੂਬੇ ਦੀ ਖੇਤੀ ਅਰਥਵਿਵਸਥਾ ਨੂੰ ਵੀ ਨਵੀਂ ਰਫ਼ਤਾਰ ਪ੍ਰਦਾਨ ਕਰਨ ਵਾਲਾ ਹੈ।



ਮੁੱਖ ਮੰਤਰੀ ਨਾਇਬ ਸਿੰਘ ਸੈਣੀ




# ਦਿੱਲੀ 'ਚ ਗਰਭਵਤੀ ਔਰਤ ਦੀ ਹੱਤਿਆ-ਪਤੀ ਨੇ ਹਮਲਾਵਰ ਨੂੰ ਮਾਰ ਮੁਕਾਇਆ

ਨਵੀਂ ਦਿੱਲੀ, 19 ਅਕਤੂਬਰ (ਪੀ. ਟੀ. ਆਈ.)-ਦਿੱਲੀ ਦੇ ਨਬੀ ਕਰੀਮ ਇਲਾਕੇ 'ਚ ਇਕ ਗਰਭਵਤੀ ਔਰਤ ਦੀ ਉਸ ਦੇ ਸਾਬਕਾ ਲਿਵ-ਇਨ ਪਾਰਟਨਰ ਨੇ ਕਥਿਤ ਤੌਰ 'ਤੇ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ, ਜਿਸ ਤੋਂ ਬਾਅਦ ਉਸ ਦੇ ਪਤੀ ਨੇ ਹਮਲਾਵਰ ਨੂੰ ਕਾਬੂ

(ਬਾਕੀ ਸਫ਼ਾ 2 ਕਾਲਮ 6)

## ਛੁੱਟੀ ਦਾ ਐਲਾਨ

ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀਆਂ ਸ਼ੁੱਭ ਕਾਮਨਾਵਾਂ! ਦੀਵਾਲੀ ਦੇ ਮੌਕੇ 'ਤੇ 'ਅਜੀਤ' ਪ੍ਰਕਾਸ਼ਨ ਸਮੂਹ ਦੇ ਸਾਰੇ ਦਫ਼ਤਰ ਅੱਜ ਬੰਦ ਰਹਿਣਗੇ। ਇਸ ਲਈ ਕੱਲ੍ਹ 21 ਅਕਤੂਬਰ, 2025 ਦਾ ਅਖ਼ਬਾਰ ਨਹੀਂ ਛਪੇਗਾ। 22 ਅਕਤੂਬਰ, 2025 ਤੋਂ 'ਅਜੀਤ' ਬਕਾਇਦਾ ਤੁਹਾਡੇ ਹੱਥਾਂ 'ਚ ਹੋਵੇਗਾ।

—ਸੰਪਾਦਕ

# ਬਿਜਲੀ ਖੇਤਰ 'ਚ ਨਿੱਜੀਕਰਨ ਨੂੰ ਲੈ ਕੇ ਕਈ ਰਾਜਾਂ ਦੀ ਵਿੱਤੀ ਸਥਿਤੀ ਹੋਵੇਗੀ ਡਾਵਾਂਡੋਲ

## ਕੇਂਦਰੀ ਫ਼ੰਡਾਂ ਦੇ ਗੱਫ਼ੇ ਲੈਣ ਲਈ ਬਿਜਲੀ ਖੇਤਰ 'ਚ ਨਿੱਜੀਕਰਨ ਨੂੰ ਦੇਣੀ ਪਏਗੀ ਤਰਜੀਹ

ਜਲੰਧਰ, 19 ਅਕਤੂਬਰ (ਸ਼ਿਵ ਸ਼ਰਮਾ)-ਦੇਸ਼ ਭਰ ਦੇ ਕਈ ਸੂਬਿਆਂ ਵਿਚ ਚਾਹੇ ਬਿਜਲੀ ਖੇਤਰ ਵਿਚ ਕਾਫ਼ੀ ਹੱਦ ਤੱਕ ਕਈ ਕੰਮਾਂ ਵਿਚ ਨਿੱਜੀ ਖੇਤਰ ਨੂੰ ਦਾਖਲਾ ਦਿੱਤਾ ਗਿਆ ਹੈ, ਪਰ ਆਉਣ ਵਾਲੇ ਸਮੇਂ ਵਿਚ ਰਾਜਾਂ ਨੂੰ ਬਿਜਲੀ ਖੇਤਰ ਵਿਚ ਨਿੱਜੀਕਰਨ ਲਈ ਆਪਣੀ ਹਿੱਸੇਦਾਰੀ ਨੂੰ ਲੈ ਕੇ ਸ਼ਰਤਾਂ ਨਾ ਮੰਨੇ ਜਾਣ 'ਤੇ ਫ਼ੰਡਾਂ ਤੋਂ ਹੱਥ ਤੰਗ ਹੋ ਸਕਦਾ ਹੈ ਤਾਂ ਇਸ ਸਥਿਤੀ ਵਿਚ ਰਾਜਾਂ ਲਈ ਬਿਜਲੀ ਖੇਤਰ ਨੂੰ ਚਲਾਉਣਾ ਹੋਰ ਵੀ ਔਖਾ ਹੋ ਸਕਦਾ ਹੈ। ਬਿਜਲੀ ਨਿੱਜੀਕਰਨ ਦੇ ਮਾਮਲੇ ਵਿਚ ਕੇਂਦਰ ਵਲੋਂ ਰਾਜਾਂ ਨੂੰ ਤਿੰਨ ਵਿਕਲਪ (ਬਦਲ) ਦਿੱਤੇ ਗਏ ਹਨ, ਜੇਕਰ ਰਾਜ ਤਿੰਨਾਂ ਵਿਚੋਂ ਇੱਕ ਵੀ ਵਿਕਲਪ ਨਹੀਂ ਅਪਨਾਉਂਦੇ ਹਨ ਤਾਂ ਉਨ੍ਹਾਂ ਨੂੰ ਮਿਲਦੀਆਂ ਗਰਾਂਟਾਂ ਤੇ ਬ੍ਰੇਕਾਂ ਲੱਗ ਸਕਦੀਆਂ ਹਨ। ਜੋ ਕੇਂਦਰ ਸਰਕਾਰ ਦੇ ਨਿਰਦੇਸ਼ਾਂ ਦੀ ਪਾਲਣਾ ਨਹੀਂ ਕਰਦੇ। ਪਹਿਲੇ ਦੋ ਵਿਕਲਪਾਂ ਵਿਚ, ਰਾਜਾਂ ਨੂੰ ਨਿੱਜੀ ਖੇਤਰ ਨੂੰ ਪੂਰੇ ਪ੍ਰਬੰਧਨ ਨਿਯੰਤਰਨ ਦੇ ਨਾਲ 26 ਤੋਂ 51 ਫ਼ੀਸਦੀ ਹਿੱਸੇਦਾਰੀ ਦੇਣੀ ਚਾਹੀਦੀ ਹੈ। ਤੀਜੇ ਵਿਕਲਪ ਵਿਚ ਰਾਜਾਂ ਨੂੰ ਸਟਾਕ ਐਕਸਚੇਂਜ 'ਤੇ ਡਿਸਕਾਮ ਰਜਿਸਟਰ ਕਰਨੇ ਚਾਹੀਦੇ ਹਨ । ਸੱਤ ਰਾਜਾਂ ਦੇ ਮੰਤਰੀਆਂ ਦੇ ਸਮੂਹ ਦੀ ਹਾਲ ਹੀ ਵਿਚ ਹੋਈ ਮੀਟਿੰਗ ਤੋਂ ਬਾਅਦ ਕੇਂਦਰ ਸਰਕਾਰ ਰਾਜਾਂ ਨੂੰ ਬਿਜਲੀ ਦੇ ਨਿੱਜੀਕਰਨ ਲਈ ਤਿੰਨ ਵਿਕਲਪ ਦੇ ਰਹੀ ਹੈ ਨਹੀਂ ਤਾਂ ਉਨ੍ਹਾਂ ਰਾਜਾਂ ਨੂੰ ਕੇਂਦਰੀ ਗਰਾਂਟਾਂ ਤੋਂ ਹੱਥ ਧੋਣਾ ਪੈ ਸਕਦਾ ਹੈ। ਪਹਿਲੇ ਵਿਕਲਪ

(ਬਾਕੀ ਸਫ਼ਾ 2 ਕਾਲਮ 1)



CMYK